# LTC RULES
# & AMMENDMENTS

ਨੰ: 6/51/2009-6ਪੀ.ਪੀ.3/1617

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ, ਪੰਜਾਬ।

ਮਿਤੀ, ਚੰਡੀਗੜ੍ਹ: 3-12-2010

ਵਿਸ਼ਾ: ਭਾਰਤ ਸਰਕਾਰ ਦੇ ਪੈਟਰਨ ਤੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦੀਆਂ ਸਹੂਲਤਾਂ ਦੇਣ ਬਾਰੇ।

*******

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 6/27/97-6ਪੀ.ਪੀ.3/12507, ਮਿਤੀ 6.10.2000 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਗ੍ਰੇਡ ਪੇ ਅਨੁਸਾਰ 5 ਕੈਟੇਗਰੀਆਂ ਵਿੱਚ ਹੇਠ ਅਨੁਸਾਰ ਵੰਡਦੇ ਹੋਏ ਐਲ.ਟੀ.ਸੀ. ਦੀਆਂ ਸਹੂਲਤਾਂ ਨੂੰ ਸੋਧਣ ਦਾ ਫੈਸਲਾ ਕੀਤਾ ਹੈ:-

| ਕੈਟਾਗਰੀ | ਗਰੇਡ ਪੇ |
|---|---|
| I | ਰੁ: 10,000/- ਅਤੇ ਇਸ ਤੋਂ ਵੱਧ |
| II | ਰੁ: 7600/- ਤੋਂ ਰੁ: 9999/- ਤੱਕ |
| III | ਰੁ: 5000/- ਤੋਂ ਰੁ: 7599/- ਤੱਕ |
| IV | ਰੁ: 3800/- ਤੋਂ ਰੁ: 4999/- ਤੱਕ |
| V | ਰੁ:3800/- ਤੋਂ ਘੱਟ |

(ੳ) **ਹਵਾਈ ਜਹਾਜ ਰਾਹੀਂ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I&II | ਰੁ: 7600/- ਅਤੇ ਇਸ ਤੋਂ ਵੱਧ | ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਰਾਹੀ। |
| III | ਰੁ: 5000/- ਤੋਂ ਰੁ: 7599/- ਤੱਕ | ਹਵਾਈ ਜਹਾਜ਼ ਦੀ ਇਕਾਨਮੀ ਕਲਾਸ ਰਾਹੀ (ਇਸ ਸ਼ਰਤ ਨਾਲ ਕੀ ਸਫਰ ਦੀ ਦੂਰੀ 500 ਕਿਲੋਮੀਟਰ ਤੋਂ ਵੱਧ ਹੋਵੇਗੀ) |

**(ਅ) ਰੇਲ ਰਾਹੀ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ- ਅਨੁਕੂਲ/ ਐਗਜੈਕਟਿਵ ਕਲਾਸ |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ / ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ-2 ਟਾਈਰ ਸਲੀਪਰ। |
| III | ਰੁ: 5000/- ਤੋਂ ਰੁ: 7599/- ਤੱਕ | ਪਹਿਲਾ ਦਰਜਾ/ ਵਾਤਾ- ਅਨੁਕੂਲ ਚੇਅਰਕਾਰ / ਵਾਤਾ-ਅਨੁਕੂਲ-3 ਟਾਈਰ ਸਲੀਪਰ । |
| IV&V | ਰੁ: 4999/- ਅਤੇ ਉਸ ਤੋਂ ਘੱਟ | ਦੂਜਾ ਦਰਜਾ ਸਲੀਪਰ |

**ੲ) ਰਾਜਧਾਨੀ ਐਕਸਪ੍ਰੈਸ ਰੇਲ ਰਾਹੀ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ-ਅਨੁਕੂਲ/ਐਗਜੈਕਟਿਵ ਕਲਾਸ। |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -2 ਟਾਈਰ ਸਲੀਪਰ |
| III | ਰੁ: 5000/- ਤੋਂ ਰੁ: 7599/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -3 ਟਾਈਰ ਸਲੀਪਰ |

**ਸ਼ਤਾਬਦੀ ਐਕਸਪ੍ਰੈਸ ਰੇਲਾਂ ਰਾਹੀ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਪਹਿਲਾ ਦਰਜਾ ਵਾਤਾ-ਅਨੁਕੂਲ/ਐਗਜੈਕਟਿਵ ਕਲਾਸ |
| II & III | ਰੁ: 5000/- ਤੋਂ ਰੁ: 9999/- ਤੱਕ | ਪਹਿਲਾ ਦਰਜਾ/ ਵਾਤਾ-ਅਨੁਕੂਲ ਚੇਅਰਕਾਰ/ ਵਾਤਾ-ਅਨੁਕੂਲ -2 ਟਾਈਰ ਸਲੀਪਰ |

**ਨੋਟ:-** ਰਾਜਧਾਨੀ/ਸ਼ਤਾਬਦੀ ਰੇਲਾਂ ਰਾਹੀ ਸਫਰ ਲਾਗੂ ਹੋਣ, ਫੇਕ ਦਾ ਹੀ ਰੇਵੇਗਾ ਜੇਕਰ ਅਸਲ ਵਿੱਚ ਇਹਨਾਂ ਰੇਲਾਂ ਰਾਹੀ ਸਫਰ ਕੀਤਾ ਹੋਵੇ ਅਤੇ ਹੱਕਦਾਰੀ ਨੂੰ ਨਿਸ਼ਚਿਤ ਕਰਨ ਲਈ ਅਨੁਮਾਨਿਤ ਤੌਰ ਤੇ ਨਹੀ ਗਿਣਿਆ ਜਾਵੇਗਾ।

**(ਘ) ਸੰਮੁਦਰ ਜਾਂ ਦਰਿਆ ਦੁਆਰਾ ਸਟੀਮਰ ਤੇ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਉੱਚੇ ਤੋਂ ਉੱਚਾ ਦਰਜਾ |
| II | ਰੁ: 7600/- ਤੋਂ ਰੁ: 9999/- ਤੱਕ | ਜੇਕਰ ਸਟੀਮਰ ਵਿੱਚ ਕੇਵਲ ਦੋ ਦਰਜੇ ਹੀ ਹੋਣ ਤਾਂ ਹੇਠਲੇ ਦਰਜੇ ਤੇ |
| III | ਰੁ: 5000/- ਤੋਂ ਰੁ: 7599/- ਤੱਕ | ਜੇਕਰ ਸਟੀਮਰ ਵਿੱਚ ਤਿੰਨ ਦਰਜੇ ਹੋਣ ਤਾਂ ਦਰਮਿਆਨਾ ਜਾਂ ਦੂਜਾ ਦਰਜਾ ਪਰ ਜੇਕਰ ਚਾਰ ਦਰਜੇ ਹੋਣ ਤਾਂ ਤੀਜਾ ਦਰਜਾ |
| IV&V | ਰੁ: 4999/- ਅਤੇ ਉਸ ਤੋਂ ਘੱਟ | ਸਭ ਤੋ ਨੀਵਾਂ ਦਰਜਾ |

ਮੇਨਲੈਂਡ ਅਤੇ ਅੰਡੇਮਾਨ ਸਫਰ ਵਾਸਤੇ ਜਾਂ ਹੱਕਦਾਰੀ ਮੇਨਲੈਂਡ ਅਤੇ ਅੰਡੇਮਾਨ ਅਤੇ ਨਿਕੋ ਦੇ ਟਾਪੂਆਂ ਦੇ ਗਰੁਪ ਅਤੇ ਲਕਸ਼ਦੀਪ ਦੇ ਟਾਪੂਆਂ ਤੇ ਸਫਰ ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ ਲਿਮਿ ਦੁਆਰਾ ਚਲਾਏ ਜਾਂਦੇ ਹਨ, ਜੋ ਨਿਮਨ ਅਨੁਸਾਰ ਹੋਣਗੇ :-

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I | ਰੁ: 10,000/- ਅਤੇ ਇਸ ਤੋਂ ਵੱਧ | ਡੀਲਕਸ ਦਰਜਾ |
| II | ਰੁ: 7600/- ਤੋਂ ਰੁ: 9999/- ਤੱਕ | ਪਹਿਲਾ ਦਰਜਾ/'ਏ' ਕੈਬਿਨ ਕਲਾਸ |
| III | ਰੁ: 5000/- ਤੋਂ ਰੁ: 7599/- ਤੱਕ | ਦੂਜਾ ਦਰਜਾ/'ਬੀ' ਕੈਬਿਨ ਕਲਾਸ |
| IV&V | ਰੁ: 4999/- ਅਤੇ ਉਸ ਤੋਂ ਘੱਟ | ਸਮੂਹ ਕਲਾਸ |

**ਙ) ਸੜਕ ਦੁਆਰਾ ਸਫਰ**

| ਕੈਟਾਗਰੀ | ਗਰੇਡ ਪੇ | ਹੱਕਦਾਰੀ |
|---|---|---|
| I&II | ਰੁ: 7600/- ਅਤੇ ਇਸ ਤੋਂ ਵੱਧ | ਕਿਸੇ ਵੀ ਪਬਲਿਕ ਬੱਸ ਦਾ ਅਸਲ ਕਿਰਾਇਆ ਸਮੇਤ ਏਅਰ ਕੰਡੀਸ਼ਨਡ ਬੱਸ ਜਾਂ ਟਰਾਂਸਪੋਰਟ ਵਿਭਾਗ ਵਲੋਂ ਏ.ਸੀ ਟੈਕਸੀ/ਟੈਕਸੀ ਦੇ ਨਿਸ਼ਚਿਤ ਕੀਤੇ ਰੇਟਸ (ਏ.ਸੀ ਟੈਕਸੀ ਜਦੋਂ ਸਫਰ ਅਸਲ ਵਿੱਚ ਏ.ਸੀ ਟੈਕਸੀ ਰਾਹੀ ਕੀਤਾ ਜਾਵੇ) ਰਾਹੀ ਸਫਰ ਜਦੋਂ ਥਾਵਾਂ ਰੇਲ ਨਾਲ ਨਾ ਜੁੜੀਆਂ ਹੋਈਆਂ ਹੋਣ ਅਤੇ ਸ਼ਰਤ ਇਹ ਹੋਵੇਗੀ ਕਿ ਬੱਸ ਰਾਹੀ ਸਫਰ ਹੱਕਦਾਰ ਦਰਜਾ ਜਾਂ ਅਸਲ ਟੈਕਸੀ ਦਾ ਦਿੱਤਾ ਕਿਰਾਇਆ ਜੋ ਵੀ ਘੱਟ ਹੋਵੇਗਾ, ਤੱਕ ਸੀਮਤ ਹੋਵੇਗਾ। |
| III | ਰੁ: 5000/- ਤੋਂ ਰੁ: 7599/- ਤੱਕ | ਜਿਵੇਂ ਕਿ ਉਪਰ (1) ਉਤੇ ਦਰਜ ਹੈ ਪਰ ਏ.ਸੀ ਟੈਕਸੀ ਸਫਰ ਦੀ ਇਜਾਜ਼ਤ ਨਹੀ ਹੋਵੇਗੀ। |
| IV&V | ਰੁ: 4999/- ਅਤੇ ਉਸ ਤੋਂ ਘੱਟ | ਸਾਧਾਰਣ ਬੱਸ ਦਾ ਕਿਰਾਇਆ। |

ਨੋਟ: ਸਾਰੇ ਕੇਸਾਂ ਵਿੱਚ ਏ.ਸੀ ਟੈਕਸੀ/ਟੈਕਸੀ ਜਾਂ ਆਟੋ ਰਿਕਸ਼ਾ ਰਾਹੀ ਸਫਰ ਕਰਕੇ, ਕਿਰਾਏ ਦੀ ਰਸੀਦ ਪੇਸ਼ ਕਰਨੀ ਜਰੂਰੀ ਹੋਵੇਗੀ।

<u>ਫੈਮਲੀ ਦੀ ਪਰੀਭਾਸ਼ਾ</u>

1) ਇਸ ਅਨੁਸਾਰ ਸਰਕਾਰੀ ਕਰਮਚਾਰੀ ਦੀ ਪਤਨੀ ਜਾਂ ਪਤੀ, ਜਿਸ ਤਰ੍ਹਾਂ ਦਾ ਵੀ ਕੇਸ ਹੋਵੇ ਅਤੇ ਦੋ ਅਣ-ਵਿਆਹੇ ਜੀਵਤ ਬੱਚੇ ਜਾਂ ਸਰਕਾਰੀ ਕਰਮਚਾਰੀ ਉਪਰ ਪੂਰਨ ਤੌਰ ਤੇ ਨਿਰਭਰ ਮਤਬੰਨੇ ਬੱਚੇ ਫੈਮਿਲੀ ਦਾ ਹਿੱਸਾ ਹੋਣਗੇ।

2) ਸ਼ਾਦੀ-ਸ਼ੁਦਾ ਲੜਕੀਆਂ, ਜਿਹੜੀਆਂ ਕਿ ਤਲਾਕ-ਸ਼ੁਦਾ, ਤਿਆਗੀਆਂ ਹੋਈਆਂ ਜਾਂ ਆਪਣੇ ਪਤੀਆਂ ਤੋਂ ਅਲੱਗ ਹੋਈਆਂ ਹੋਣ ਅਤੇ ਸਰਕਾਰੀ ਕਰਮਚਾਰੀ ਨਾਲ ਰਹਿੰਦੀਆਂ ਹੋਣ ਅਤੇ ਪੂਰੀ ਤਰ੍ਹਾਂ ਸਰਕਾਰੀ ਕਰਮਚਾਰੀ ਉਤੇ ਨਿਰਭਰ ਹੋਣ।

3) ਮਾਤਾ-ਪਿਤਾ ਜਾਂ ਮਤਰੇਏ ਮਾਤਾ-ਪਿਤਾ ਸਰਕਾਰੀ ਕਰਮਚਾਰੀ ਨਾਲ ਰਹਿੰਦੇ ਹੋਣ ਅਤੇ ਪੂਰੀ ਤਰ੍ਹਾਂ ਉਸਤੇ ਨਿਰਭਰ ਹੋਣ।

4) ਅਣ-ਵਿਆਹੇ ਨਾਬਾਲਗ ਭਰਾ ਅਤੇ ਅਣ-ਵਿਆਹੀਆਂ, ਤਲਾਕਸ਼ੁਦਾ, ਛੱਡੀਆਂ ਹੋਈਆਂ, ਆਪਣੇ ਪਤੀਆਂ ਤੋਂ ਵੱਖ ਹੋਈਆਂ ਜਾਂ ਵਿਧਵਾ ਭੈਣਾਂ ਜੋ ਸਰਕਾਰੀ ਕਰਮਚਾਰੀ ਨਾਲ ਰਹਿ ਰਹੀਆਂ ਹੋਣ ਅਤੇ ਉਸਤੇ ਪੂਰੀ ਤਰ੍ਹਾਂ ਨਿਰਭਰ ਹੋਣ। ਬਸ਼ਰਤੇ ਕਿ ਉਹਨਾਂ ਦੇ ਮਾਤਾ ਪਿਤਾ ਜਿਉਂਦੇ ਨਾ ਹੋਣ ਜਾਂ ਉਹ ਖੁਦ ਵੀ ਸਰਕਾਰੀ ਕਰਮਚਾਰੀ ਤੇ ਨਿਰਭਰ ਹੋਣ।

<u>ਵਿਆਖਿਆ:-</u>

ਕੇਵਲ ਦੋ ਜੀਵਤ ਬੱਚਿਆਂ ਜਾਂ ਮਤਬੰਨੇ ਬੱਚਿਆਂ ਦੀ ਐਲ.ਟੀ.ਸੀ. ਦੀ ਸੁਵਿਧਾ ਤੇ ਬੰਦਸ਼ ਉਨ੍ਹਾਂ ਉਤੇ ਲਾਗੂ ਨਹੀ ਹੋਵੇਗੀ:-

1) ਜਿਨ੍ਹਾਂ ਕਰਮਚਾਰੀਆਂ ਦੇ ਇਸ ਬੰਦਸ਼ ਦੇ ਲਾਗੂ ਹੋਣ ਤੋਂ ਪਹਿਲਾਂ ਜਿਵੇ ਕਿ 20-10-1997 ਤੋਂ ਪਹਿਲਾਂ ਹੀ ਦੋ ਤੋਂ ਵੱਧ ਬੱਚੇ ਹੋਣ।

2) ਇਹ ਬੰਦਸ਼ ਲਾਗੂ ਹੋਣ ਤੋਂ ਇਕ ਸਾਲ ਵਿੱਚ ਪੈਦਾ ਹੋਏ ਬੱਚੇ।

3) ਜਿਥੇ ਕਿ ਬੱਚਿਆਂ ਦੀ ਗਿਣਤੀ ਦੋ ਜਣੇਪੇ ਦੇ ਫਲਸਰੂਪ ਜਿਆਦਾ ਬੱਚੇ ਪੈਦਾ ਹੋਣ ਕਰਕੇ।

2. ਇਨ੍ਹਾਂ ਨਿਯਮਾਂ ਦੇ ਮਕਸਦ ਲਈ ਫੈਮਲੀ ਦੀ ਸ਼ਰਤ ਵਿੱਚ ਇਕ ਤੋਂ ਵੱਧ ਪਤਨੀ ਸ਼ਾਮਿਲ ਨਹੀ ਹੈ। ਫਿਰ ਵੀ ਜੇਕਰ ਸਰਕਾਰੀ ਕਰਮਚਾਰੀ ਦੀਆਂ ਕਾਨੂੰਨੀ ਤੌਰ ਤੇ ਦੋ ਪਤਨੀਆਂ ਹੋਣ ਅਤੇ ਦੂਜੀ ਸ਼ਾਦੀ ਸਰਕਾਰ ਦੀ ਖਾਸ ਆਗਿਆ ਨਾਲ ਹੋਵੇ ਤਾਂ ਦੂਜੀ ਪਤਨੀ ਵੀ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤੀ ਜਾਵੇਗੀ।

3. ਭਾਂਵੇ ਪਤੀ-ਪਤਨੀ ਅਤੇ ਬੱਚਿਆਂ ਲਈ ਸਰਕਾਰੀ ਕਰਮਚਾਰੀ ਨਾਲ ਰਹਿਣਾ ਜਰੂਰੀ ਨਹੀ ਤਾਂ ਜੋ ਉਹ ਐਲ.ਟੀ.ਸੀ. ਲਈ ਯੋਗ ਬਣ ਸਕਣ,ਪਰ ਉਹਨਾਂ ਦਾ ਐਲ.ਟੀ.ਸੀ.ਅਸਲ ਵਿੱਚ ਐਲ.ਟੀ.ਸੀ.ਦੀ ਯਾਤਰਾ ਕਰਨ ਤੱਕ ਸੀਮਤ ਹੋਵੇਗਾ ਜਾਂ ਹੈਡ ਕੁਆਰਟਰ/ਕਰਮਚਾਰੀ ਦੀ ਤਾਇਨਾਤੀ ਦੀ ਜਗ੍ਹਾਂ ਅਤੇ ਹੋਮ ਟਾਊਨ/ਜਾਣ ਦੀ ਜਗਾ ਵਿਚਕਾਰ ਫਾਸਲਾ, ਜਿਹੜਾ ਵੀ ਘੱਟ ਹੋਵੇ, ਅਨੁਸਾਰ ਹੋਵੇਗਾ।

4. ਤਲਾਕ ਸ਼ੁਦਾ, ਛੱਡੀਆਂ ਹੋਈਆਂ,ਪਤੀਆਂ ਤੋਂ ਵੱਖ ਕੀਤੀਆਂ ਜਾਂ ਵਿਧਵਾ ਭੈਣਾਂ ਦੇ ਬੱਚੇ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਨਹੀ ਹਨ।

5. ਪਰਿਵਾਰ ਦਾ ਕੋਈ ਮੈਂਬਰ, ਜਿਸਦੀ ਆਮਦਨ ਸਾਰੇ ਸਾਧਨਾ ਸਮੇਤ ਮੌਜੂਦਾ ਦਰਾਂ ਤੇ ਮਿਲਣਯੋਗ ਘੱਟੋ ਘੱਟ ਫੈਮਿਲੀ ਪੈਨਸ਼ਨ ਜੋ ਕਿ ਮੌਜੂਦਾ ਦਰਾਂ ਨਾਲ 3500/- ਰੁਪਏ ਸਮੇਤ ਮਹਿੰਗਾਈ ਭੱਤਾ ਪ੍ਰਤੀ ਮਹੀਨਾ ਹੈ, ਤੋਂ ਵੱਧ ਨਾ ਹੋਵੇ ਤਾਂ ਉਹ ਸਰਕਾਰੀ ਕਰਮਚਾਰੀ ਤੇ ਪੂਰਨ ਤੌਰ ਤੇ ਨਿਰਭਰ ਸਮਝਿਆ ਜਾਵੇਗਾ।

6. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ ਅਤੇ ਜੇਕਰ ਇਹਨਾਂ ਹਦਾਇਤਾਂ ਨਾਲ ਕਿਸੇ ਅਧਿਕਾਰੀ/ਕਰਮਚਾਰੀ ਦੀ ਹੱਕਦਾਰੀ ਪਹਿਲਾਂ ਜਾਰੀ ਹਦਾਇਤਾਂ ਨਾਲੋਂ ਘੱਟਦੀ ਹੈ ਤਾਂ ਉਸ ਦੀ ਹੱਕਦਾਰੀ ਘਟਾਈ ਨਹੀ ਜਾਵੇਗੀ ਅਤੇ ਉਹ ਪਹਿਲੀ ਹੱਕਦਾਰੀ ਅਨੁਸਾਰ ਹੀ ਦੋਨਾਂ ਵਿੱਚੋਂ ਉਚ ਹੱਕਦਾਰੀ ਦੇ ਹੱਕਦਾਰ ਰਹਿਣਗੇ।

7. ਇਹ ਹਦਾਇਤਾਂ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

8. ਇਹ ਹਦਾਇਤਾਂ ਵਿੱਤ ਵਿਭਾਗ ਦੇ ਅ: ਵਿ: ਪੱ: ਨੰ: 21/4/2010-3ਵਿਪ੍2/1600 ਮਿਤੀ 29-11-2010 ਰਾਹੀ ਦਿੱਤੀ ਪ੍ਰਵਾਨਗੀ ਦੇ ਆਧਾਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ

ਅ:ਵਿ:ਪੱ:ਨੰ:6/51/2009-6ਪੀਪੀ3/1618 ਮਿਤੀ,ਚੰਡੀਗੜ੍ਹ: 3-12-2010
ਪਿੱਠ ਅੰਕਣ ਨੰ:6/51/2009-6ਪੀਪੀ3/1619 ਮਿਤੀ,ਚੰਡੀਗੜ੍ਹ: 3-12-2010

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ,ਪੰਜਾਬ( ਵਿੱਤ ਪ੍ਰਸੋਨਲ 2 ਸ਼ਾਖਾ) ਨੂੰ ਉਨ੍ਹਾਂ ਦੇ ਅ:ਵਿ:ਪੱ:ਨੰ: 21/4/2010-3ਵਿਪ੍2/1600 ਮਿਤੀ 29-11-2010 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਵਿੱਤ ਵਿਭਾਗ,ਪੰਜਾਬ
(ਵਿੱਤ ਪ੍ਰਸੋਨਲ -2 ਸ਼ਾਖਾ)

ਅ:ਵਿ:ਪੱ:ਨੰ:6/51/2009-6ਪੀਪੀ3/1620 ਮਿਤੀ,ਚੰਡੀਗੜ੍ਹ: 3-12-2010

CAO/1252
22-11-13

23 OCT 2013

(Substituted with Same Number & date)
No.21/30/2012-4FP2/808
Government of Punjab
Finance Department
(Finance Personnel 2 Branch)

Dated, Chandigarh, 8th the Oct 2013

To

1) All the Heads of Department.
2) The Commissioner of Divisions.
3) The Registrar, Punjab and Haryana High Court, Chandigarh.
4) All Deputy Commissioners and Sub Divisional Officer (Civil) in Punjab.

**Subject: Travel Policy for the travel of Government of Punjab officer/Officials by Air India (Duty as well as L T C).**

***

I am directed to invite your attention to this Office letter No.21/30/2012-4FP2/126, Dated, 6, March, 2013 on the subject noted above and to state that Finance Department has decided to withdraw these instructions from the issue of this Letter.

Under Secretary Finance

No21/30/2012-4FP2/809, Dated, Chandigarh, 8th the Oct 2013

A Copy is forwarded to the Accountant General (A&E) and (Audit), Punjab, Chandigarh for information and necessary action.

Under Secretary Finance

No 21/30//2012-4FP2/810, Dated, Chandigarh, 8th the Oct 2013

A Copy is forwarded to the Chief Secretary to Government of Punjab, Chandigarh for information and necessary action.

Under Secretary Finance

No. 21/30/2012-4FP2/811, Dated, Chandigarh, 8th the Oct 2013

A Copy is forwarded to all the Financial Commissioner/Principal Secretary/Administrative Secretary/Additional Principal Secretary/Deputy Principal Secretary/OSD to [illegible] Secretary/Private Secretary to the Chief Minister/Ministers/State Ministers/Chief Parliamentary Secretary Punjab for information and necessary action.

Under Secretary Finance

MARKFED CHANDIGARH (PERSONNEL DEPARTMENT)

No. EST/EAG-6/2013/ 4542 Dated 22/11/2013

A Copy of the above is forwarded to CAO, Markfed for information and further a/action please.

ਨੰ: 1/16/2011-3 ਐਫ.ਪੀ.2/-145

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ੍ਹ: 21-10-2014

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜ਼ਨਾ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ਼ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ: 5ਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾ ਅਨੁਸਾਰ ਐਲ.ਟੀ.ਸੀ. ਅਵੇਲ ਕਰਨ ਤੇ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੇਣ ਸਬੰਧੀ ਸਪਸ਼ਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਅਧਿਸੂਚਨਾ ਨੰ: 1/16/2011-3ਵਿਪ੍ਰ2/617, ਮਿਤੀ 3 ਅਕਤੂਬਰ, 2011, ਜਿਸ ਰਾਹੀਂ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਐਲ.ਟੀ.ਸੀ. ਅਵੇਲ ਕਰਨ ਤੇ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੇਣ ਦਾ ਉਪਬੰਧ ਕੀਤਾ ਹੋਇਆ ਹੈ, ਵੱਲ ਦਿਵਾਉਂਦੇ ਹੋਏ ਇਹ ਸਪਸ਼ਟ ਕਰਨ ਦੀ ਹਦਾਇਤ ਹੋਈ ਹੈ ਕਿ ਕਿਸੇ ਵੀ ਅਧਿਕਾਰੀ/ਕਰਮਚਾਰੀ ਵੱਲੋਂ ਹੋਮ ਟਾਊਨ ਐਲ.ਟੀ.ਸੀ. ਅਵੇਲ ਕਰਨ ਤੇ ਉਸ ਨੂੰ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।

ਵਿਸ਼ਵਾਸਪਾਤਰ

(ਕਮਲੇਸ਼ ਅਰੋੜਾ)
ਉਪ ਸਕੱਤਰ ਵਿੱਤ

ਪਿੱਠ ਅੰਕਣ ਨੰ: 1/16/2011-3 ਐਫ.ਪੀ.2/ 146

ਮਿਤੀ, ਚੰਡੀਗੜ੍ਹ 21-10-2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

(ਕਮਲੇਸ਼ ਅਰੋੜਾ)
ਉਪ ਸਕੱਤਰ ਵਿੱਤ

ਨੰ: 8/1/2014-5ਵਿਬ1/332795/1-2

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

ਮਿਤੀ:ਚੰਡੀਗੜ੍ਹ: 29 ਅਕਤੂਬਰ, 2014

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਤੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ
2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

ਵਿਸ਼ਾ:- ਸਾਲ 2014-15 ਦੌਰਾਨ ਸਰਕਾਰੀ ਖਰਚੇ ਵਿੱਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 8/1/2014-5ਵਿਬ1/326017, ਮਿਤੀ 16.10.2014 ਦੇ ਪੈਰ੍ਹਾ 3 (v) ਵਿੱਚ ਐਲ.ਟੀ.ਸੀ.ਤੇ ਰੋਕ ਲਗਾਉਣ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਹਦਾਇਤਾਂ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੀਆਂ ਜਿਨ੍ਹਾਂ ਵਲੋਂ ਮਿਤੀ 16.10.2014 ਤੋਂ ਪਹਿਲਾਂ ਐਲ.ਟੀ.ਸੀ. ਤੇ ਜਾਣ ਸਬੰਧੀ ਸਰਕਾਰ ਨੂੰ ਪ੍ਰਤੀਬੇਨਤੀਆਂ ਦਿੱਤੀਆਂ ਜਾ ਚੁੱਕੀਆਂ ਸਨ।

ਵਿਸ਼ਵਾਸਪਾਤਰ

(ਪ੍ਰਮੀਤਾ ਸਿੰਘ)
ਬਜਟ ਅਫਸਰ-ਕਮ-ਸੰਯੁਕਤ ਸਕੱਤਰ ਵਿੱਤ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ, ਪੰਜਾਬ ਸਰਕਾਰ/ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਬਜਟ ਅਫਸਰ-ਕਮ-ਸੰਯੁਕਤ ਸਕੱਤਰ ਵਿੱਤ

ਸੇਵਾ ਵਿਖੇ,
1) ਮੁੱਖ ਸਕੱਤਰ, ਪੰਜਾਬ ਸਰਕਾਰ
2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: 8/1/2014-5ਵਿਬ1/332795/3-4 ਮਿਤੀ:ਚੰਡੀਗੜ੍ਹ:29 ਅਕਤੂਬਰ, 2014

ਪਿੱਠ ਅੰਕਣ ਨੰ:8/1/2014-5ਵਿਬ1/332795/5-14 ਮਿਤੀ:ਚੰਡੀਗੜ੍ਹ:29 ਅਕਤੂਬਰ, 2014

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-
1) ਡਾਇਰੈਕਟਰ, ਖਜ਼ਾਨਾ ਤੇ ਲੇਖਾ ਪੰਜਾਬ
2) ਸਮੂਹ ਜ਼ਿਲ੍ਹਾ ਖਜ਼ਾਨਾ ਅਫਸਰ ਅਤੇ ਖਜ਼ਾਨਾ ਅਫਸਰ.